**ਤੁਰੰਤ:ਅਤਿ ਜਰੂਰੀ:**

**ਹੜ੍ਹਾਂ ਦੀ ਸਥਿਤੀ ਨਾਲ ਨਿਪਟਣ ਸਬੰਧੀ:**

ਨੰ: ਈਸੀਸੀਡੀ/ਟੈਕ(3)-ਪੰ-2010/5068-87 ਮਿਤੀ,ਚੰਡੀਗੜ੍ਹ: 16-7-2010

ਵਲੋਂ

ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ,ਪੰਜਾਬ।

ਵੱਲ

ਪੰਜਾਬ ਰਾਜ ਦੇ ਸਮੂਹ ਸਿਵਲ ਸਰਜਨ।

ਵਿਸ਼ਾ:- ਮਾਨਯੋਗ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਪੰਜਾਬ ਅਤੇ ਪ੍ਰਮੁੱਖ ਸਕੱਤਰ ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵਲੋਂ ਮਿਤੀ 10-7-2010 ਨੂੰ ਹੜ੍ਹਾਂ ਦੀ ਸਥਿਤੀ ਦਾ ਜਾਇਜਾ ਲੈਣ ਲਈ ਕੀਤੇ ਗਏ ਟੂਰ ਉਪਰੰਤ ਜਾਰੀ ਕੀਤੇ ਟੂਰ ਨੋਟ ਤੇ ਤੁਰੰਤ ਕਾਰਵਾਈ ਕਰਨ ਬਾਰੇ।

***

ਉਪਰੋਕਤ ਵਿਸ਼ੇ ਤੇ ਇਸ ਦਫਤਰ ਵਲੋਂ ਕੀਤੀ ਗਈ ਈ-ਮੇਲ, ਮਿਤੀ 14-7-2010 ਦੇ ਹਵਾਲੇ ਵਿੱਚ।

2- ਇਸ ਸਬੰਧ ਵਿੱਚ ਮੁੜ ਦੱਸਿਆ ਜਾਂਦਾ ਹੈ ਕਿ ਮਾਨਯੋਗ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਪੰਜਾਬ ਅਤੇ ਪ੍ਰਮੁੱਖ ਸਕੱਤਰ ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵਲੋਂ ਮਿਤੀ 10-7-2010 ਨੂੰ ਪਟਿਆਲਾ ਅਤੇ ਸੰਗਰੂਰ ਜਿਲਿਆਂ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਟੂਰ ਕਰਕੇ ਸਥਿਤੀ ਦਾ ਜਾਇਜਾ ਲੈਣ ਉਪਰੰਤ ਟੂਰ ਨੋਟ ਜਾਰੀ ਕੀਤਾ ਗਿਆ । ਇਸ ਟੂਰ ਨੋਟ ਦੇ ਟੂੱਕ ਦੀ ਕਾਪੀ ਤੁਹਾਨੂੰ ਤੁਰੰਤ ਪਾਲਣਾ ਹਿੱਤ ਭੇਜੀ ਜਾਂਦੀ ਹੈ। ਇਸ ਟੂਰ ਨੋਟ ਵਿੱਚ ਮਾਨਯੋਗ ਪ੍ਰਮੁੱਖ ਸਕੱਤਰ ਸਿਹਤ ਜੀ ਵਲੋਂ ਨਿਰਧਾਰਤ ਕੀਤੇ ਗਏ ਪ੍ਰਫਾਰਮੇ ਤੇ ਲੋੜੀਂਦੀ ਸੂਚਨਾਂ ਤੁਰੰਤ ਬਿਨ੍ਹਾਂ ਕਿਸੇ ਦੇਰੀ ਤੋਂ ਭੇਜਣੀ ਯਕੀਨੀ ਬਣਾਈ ਜਾਵੇ ਅਤੇ ਇਸਦੀ ਕਾਪੀ ਇਸ ਦਫਤਰ ਨੂੰ ਵੀ ਅਗਲੀ ਲੋੜੀਂਦੀ ਕਾਰਵਾਈ ਹਿੱਤ ਭੇਜੀ ਜਾਵੇ। ਇਸਤੋਂ ਇਲਾਵਾ ਮਾਨਯੋਗ ਪ੍ਰਮੁੱਖ ਸਕੱਤਰ ਸਿਹਤ ਜੀ ਵਲੋਂ ਟੂਰ ਨੋਟ ਵਿੱਚ ਕੀਤੇ ਗਏ ਆਦੇਸਾਂ ਦੀ ਪਾਲਣਾ ਹਰ-ਹਾਲਤ ਕਰਨ ਸਬੰਧੀ ਲੋੜੀਂਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

3- ਜਿਥੋਂ ਤੀਕ ਕੁੱਝ ਕਲੋਰੀਨ ਗੋਲੀਆਂ ਦੀ ਘਾਟ ਦਾ ਸਬੰਧ ਹੈ, ਇਸ ਬਾਰੇ ਦੱਸਿਆ ਜਾਂਦਾ ਹੈ ਕਿ ਪਟਿਆਲਾ, ਸੰਗਰੂਰ ਅਤੇ ਮਾਨਸਾ ਨੂੰ ਹੜ੍ਹਾਂ ਦੀ ਸਥਿਤੀ ਨਾਲ ਨਿਪਟਣ ਲਈ ਦਵਾਈਆਂ, ਕੀਟਨਾਸਕ ਦਵਾਈਆਂ ਦੀ ਸਪਰੇ, ਆਈ.ਈ.ਸੀ.ਐਕਟਿਵਟੀਜ ਅਤੇ ਗੱਡੀਆਂ ਦੇ ਪੈਟਰੋਲ/ਡੀਜਲ ਆਦਿ ਲਈ ਫੰਡਜ ਅਲਾਟ ਕਰ ਦਿੱਤੇ ਗਏ ਹਨ, ਇਸਲਈ ਕਲੋਰੀਨ ਦੀਆਂ ਗੋਲੀਆਂ, "**ਦਵਾਈਆਂ**" ਦੀ ਮੱਦ ਹੇਠ ਅਲਾਟ ਕੀਤੇ ਫੰਡਜ ਵਿਚੋਂ ਖਰੀਦ ਕੇ ਲੋੜ ਅਨੁਸਾਰ ਵਰਤੋਂ ਵਿੱਚ ਲਿਆਂਦੀਆਂ ਜਾਣ। ਇਸਤੋਂ ਇਲਾਵਾ ਜਿਥੋਂ ਤੀਕ ਕਲੋਰੋਕੁਇਨ ਗੋਲੀਆਂ ਦੀ ਮਹਿਸੂਸ ਕੀਤੀ ਜਾ ਰਹੀ ਘਾਟ ਦਾ ਸਬੰਧ ਹੈ, ਉਸ ਬਾਰੇ ਦੱਸਿਆ ਜਾਂਦਾ ਹੈ ਕਿ ਕਲੋਰੋਕੁਇਨ ਗੋਲੀਆਂ ਦਾ ਸਟਾਕ, ਇਸ ਦਫਤਰ ਵਿੱਚ ਪ੍ਰਾਪਤ ਰਿਪੋਰਟਾਂ ਅਨੁਸਾਰ, ਹਰ ਜਿਲਾ ਪੱਧਰ ਤੇ ਚੋਖੀ ਮਾਤਰਾ ਵਿੱਚ ਮੌਜੂਦ ਹੈ, ਪਰ ਫਿਰ ਵੀ ਜੇਕਰ ਕਿਸੇ ਜਿਲਾ ਅਧਿਕਾਰੀ ਨੂੰ ਇਹਨਾਂ ਦੀ ਘਾਟ ਮਹਿਸੂਸ ਹੋ ਰਹੀ ਹੈ, ਉਹ ਆਪਣੀ ਮੰਗ, ਸਪੈਸਲ ਮੈਸੰਜਰ ਭੇਜ ਕੇ ਸਟੇਟ-ਹੈਡਕੁਆਰਟਰ ਤੇ ਕਿਸੇ ਸਮੇਂ ਵੀ ਪ੍ਰਾਪਤ ਕਰ ਸਕਦੇ ਹਨ।

ਚਲਦਾ-2-

4- ਉਪਰੋਕਤ ਤੋਂ ਇਲਾਵਾ ਜਿਥੋਂ ਤੀਕ ਹੜ੍ਹਾਂ ਦੀ ਸਥਿਤੀ ਨਾਲ ਨਿਪਟਣ ਲਈ ਫੰਡਜ ਅਲਾਟ ਕਰਨ ਦਾ ਸਬੰਧ ਹੈ, ਇਹ ਫੰਡਜ ਪਟਿਆਲਾ, ਸੰਗਰੂਰ ਅਤੇ ਮਾਨਸਾ ਦੇ ਸਿਵਲ ਸਰਜਨਾਂ ਨੂੰ ਪਹਿਲ ਦੇ ਆਧਾਰ ਤੇ ਮਿਤੀ 12-7-2010 ਨੂੰ ਅਲਾਟ ਕੀਤੇ ਜਾ ਚੁੱਕੇ ਹਨ। ਇਸਤੋਂ ਇਲਾਵਾ ਅਰਬਨ ਮਲੇਰੀਆ ਸਕੀਮ ਅਧੀਨ ਫੰਡ ਵੀ ਮਿਤੀ 13-7-2010 ਨੂੰ ਅਲਾਟ ਕੀਤੇ ਜਾ ਚੁੱਕੇ ਹਨ।

ਇਸਤਰ੍ਹਾਂ ਪੰਜਾਬ ਰਾਜ ਵਿੱਚ ਹੜ੍ਹਾਂ ਦੀ ਸਥਿਤੀ ਨਾਲ ਨਿਪਟਣ ਲਈ ਸਿਹਤ ਵਿਭਾਗ ਵਲੋਂ ਕਿਸੇ ਕਿਸਮ ਦੀ ਕੋਈ ਢਿੱਲ ਅਤੇ ਅਣਗਹਿਲੀ ਨਾਂ ਵਰਤੀ ਜਾਵੇ ਅਤੇ ਸਥਿਤੀ ਤੇ ਚੌਕਸੀ ਰੱਖੀ ਜਾਵੇ। ਇਥੇ ਇਹ ਵੀ ਆਪ ਦੀ ਜਾਣਕਾਰੀ ਲਈ ਦੱਸਣਾ ਯੋਗ ਹੋਵੇਗਾ ਕਿ ਸਟੇਟ ਹੈਡਕੁਆਰਟਰ ਤੇ ਹੜ੍ਹਾਂ ਦੀ ਸਥਿਤੀ ਦਾ ਜਾਇਜਾ ਲੈਣ ਲਈ ਕੰਟਰੋਲ ਰੂਮ ਸਥਾਪਿਤ ਕੀਤਾ ਹੋਇਆ ਹੈ, ਜਿਸਦਾ ਫੈਕਸ-ਕਮ- ਟੈਲੀਫੋਨ ਨੰ: 2603276 ਹੈ। ਇਸਤੋਂ ਇਲਾਵਾ ਹੜ੍ਹਾਂ ਸਬੰਧੀ ਸੂਚਨਾਂ punjabnvbdcp@g.mail.com. ਉਤੇ ਵੀ ਦਿੱਤੀ ਜਾ ਸਕਦੀ ਹੈ।

ਇਸਨੂੰ ਪਰਮ-ਅਗੇਤਤਾ ਦੇਂਦੇ ਹੋਏ, ਹੜ੍ਹਾਂ ਤੋਂ ਪੈਦਾ ਹੋਈ ਅਤੇ ਭਵਿੱਖ ਵਿੱਚ ਪੈਦਾ ਹੋਣ ਵਾਲੀ ਸਥਿਤੀ ਨੂੰ ਨਜਿੱਠਣ ਲਈ ਲੋੜੀਂਦੀ ਕਾਰਵਾਈ ਤੁਰੰਤ ਅਮਲ ਵਿੱਚ ਲਿਆਉਣੀ ਯਕੀਨੀ ਬਣਾਈ ਜਾਵੇ।

ਨੱਥੀ:ਉਪਰੋਕਤ ਅਨੁਸਾਰ

ਸਹੀ/-

ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ,ਪੰਜਾਬ।

ਪਿੱ.ਅੰ. ਨੰ:ਈਸੀਸੀਡੀ/ਟੈਕ(3)-ਪੰ-2010/**5088-89** ਮਿਤੀ,ਚੰਡੀਗੜ੍ਹ:**16-7-2010**

ਉਪਰੋਕਤ ਦਾ ਉਤਾਰਾ ਨਿੱਜੀ ਸਕੱਤਰ/ਪ੍ਰਮੁੱਖ ਸਕੱਤਰ ਸਿਹਤ ਨੂੰ ਮਾਨਯੋਗ ਪ੍ਰਮੁੱਖ ਸਕੱਤਰ ਪਜੰਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ,ਪੰਜਾਬ ਜੀ ਦੇ ਟੂਰ ਨੋਟ ਮਿਤੀ 12-7-2010 ਦੇ ਹਵਾਲੇ ਵਿੱਚ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ ਜੀ।

2- ਓ.ਐਸ.ਡੀ./ਡ.ਸ.ਪ.ਭ. ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

ਸਹੀ/-

ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ,ਪੰਜਾਬ।

# Tour to flood affected Villages by Hon'ble Health Minister Punjab - 10/7/2010

Hon'ble Health Minister Punjab accompanied by Principal Secretary Health & Family Welfare visited the flood affected villages of Patiala and Sangrur on Saturday 10/7/2010.

1. **Constitution of Medical Teams**- Medical Teams be constituted for all the flood affected villages. Staff from PHCs / CHCs in the flood affected areas should not be utilized for these Medical Teams. Instead, staff from PHCs / CHCs and RMOs from non flood affected areas be temporarily deployed in the flood affected villages. Senior Pharmacists and male workers can also be utilized if the population of the village is less. Civil Surgeons should compile the list of Medical Teams in the following format.

| SN | Name of Village affected | Its population | Constitution of Medical Team - Members alongwith Mobile numbers | List of medicines to be compiled, typed and given to the medical teams |
|---|---|---|---|---|
| 1 | 2 | 3 | 4 | 5 |

2. Civil Surgeons to ensure that there is no shortage of medicines.

3. Civil Surgeons are advised to maintain close liasion with Deputy Commissioners and other Revenue Officers. In case of any problem they may contact the undersigned or the Director Health Services.

4. **District Patiala**- 13 Static Teams and 10 Mobile Teams had been constituted but the services of RMOs and other doctors from non flood affected areas were not being utilized. Civil Surgeons may kindly sort this out.

5. **Moonak**- SMO was absent. He left the PHC Moonak the previous night when he was found drunk by the public. Civil Surgeon to send a complete report.

The services of other Doctors and RMOs were being effectively used.

6. **Lehragaga**- SMO Dr Ravinder Kohli was found absent. Civil Surgeon to send a report. Dr Sanjay Bansal Paediatrician is deputed for 3 days in Lehragaga. He should be allowed to work in Civil Hospital Sunam since the Paediatrician Dr Shiv Kumar is already posted. [ASH (G)]

7. DHS is required to take necessary action on the following points-

- Distribution of budget among the Districts especially Sangrur, Patiala, Mansa, Mohali and may be Fatehgarh Sahib and Ludhiana.
- He should ensure supply of medicines.
- It has been reported in the newspaper that there is shortage of chlorine and chloroquine tablets. He is requested to make necessary arrangements.

(Satish Chandra)
Principal Secretary H&FW
12/7/2010

1. ASH (G)
2. Director Health Services
3. Civil Surgeon, Patiala
4. Civil Surgeon, Sangrur

5 CS Mansa